ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਕਾਰਲ ਮਾਰਕਸ ਦੇ ਸਿਧਾਂਤਕ ਸੰਕਲਪ



ਡਾ. ਮਨਪ੍ਰੀਤ ਕੌਰ
ਪੀ. ਐਮ. ਸ਼੍ਰੀ. ਸ. ਕੰ.
ਸ.ਸ. ਸਕੂਲ, ਮੂਨਕ
+91 98149-04135

ਉੱਨੀਵੀਂ ਸਦੀ ਦੇ ਚੌਥੇ ਪੰਜਵੇਂ ਦਹਾਕੇ ਵਿਚ ਮਾਰਕਸ ਦੇ ਭੌਤਿਕਵਾਦੀ ਚਿੰਤਨ ਨੇ ਦਰਸ਼ਨ, ਰਾਜਨੀਤੀ ਤੇ ਸਮਾਜ ਵਿਗਿਆਨਾਂ ਵਿਚ ਮਹੱਤਵਪੂਰਨ ਪਰਿਵਰਤਨ ਦੀ ਸ਼ੁਰੂਆਤ ਕੀਤੀ। ਮਾਰਕਸ ਦਾ ਜਨਮ ਜਰਮਨੀ ਦੇ ਰਾਇਨਲੈਂਡ ਪ੍ਰਾਂਤ ਦੇ ਟਰਾਏਰ ਸ਼ਹਿਰ ਦੇ ਇਕ ਆਮ ਸਧਾਰਨ ਯਹੂਦੀ ਪਰਿਵਾਰ ਵਿਚ ਹੋਇਆ। ਉਸ ਦੇ ਪਿਤਾ ਪੇਸ਼ੇ ਵਜੋਂ ਵਕੀਲ ਸਨ। ਯਹੂਦੀਆਂ ਪ੍ਰਤੀ ਦਮਨਕਾਰੀ ਕਾਨੂੰਨਾਂ ਕਾਰਨ ਉਸ ਦੇ ਪਿਤਾ ਨੇ ਇਸਾਈ ਮੱਤ ਧਾਰਨ ਕਰ ਲਿਆ ਸੀ। ਉਸ ਦਾ ਪਾਲਣ-ਪੋਸ਼ਣ ਪ੍ਰੋਟੈਸਟੇਟ ਇਸਾਈ ਮੱਤ ਅਨੁਸਾਰ ਕੀਤਾ ਗਿਆ। ਪਰ ਮਾਰਕਸ ਆਪਣੇ ਆਪ ਨੂੰ ਨਾਸਤਕ ਮੰਨਦਾ ਹੋਇਆ, ਰੱਬ ਦੀ ਹੋਂਦ ਤੋਂ ਮੁਨਕਰ ਹੁੰਦਾ ਹੈ। ਉਸ ਦਾ ਮੰਨਣਾ ਹੈ ਕਿ ਧਰਮ ਇਕ ਰਾਜਨੀਤਿਕ ਧੋਖਾਧੜੀ ਹੈ, ਜਾਲ਼ਸਾਜ਼ੀ ਹੈ, ਜਿਸ ਦੁਆਰਾ ਪੂੰਜੀਪਤੀ, ਗਰੀਬਾਂ ਦਾ ਸ਼ੋਸ਼ਣ ਕਰਦੇ ਹਨ। ਉਹ ਅਜਿਹੇ ਸਮਾਜਵਾਦ ਵਿਚ ਵਿਸਵਾਸ਼ ਰੱਖਦਾ ਹੈ, ਜਿਸ ਵਿਚ ਰੱਬ ਦੀ ਕੋਈ ਹੋਂਦ ਨਹੀਂ ਹੈ।

ਇਕ ਵਿਦਿਆਰਥੀ ਦੇ ਰੂਪ ਵਿਚ ਦਰਸ਼ਨ ਸ਼ਾਸਤਰ ਨੇ ਉਸ ਨੂੰ ਬਹੁਤ ਪ੍ਰਭਾਵਿਤ ਕੀਤਾ। ਜਰਮਨ ਰੁਮਾਂਸਵਾਦੀ ਚਿੰਤਕ ਹੇਗਲ ਨੇ ਉਸ ਦਾ ਧਿਆਨ ਖਿੱਚਿਆ ਪਰ ਜਲਦੀ ਹੀ ਉਸ ਨੇ ਹੇਗਲ ਦੀ ਇਤਿਹਾਸਕ ਪਹੁੰਚ ਨੂੰ ਰੱਦ ਕਰ ਦਿੱਤਾ ਤੇ ਹੇਗਲ ਦੇ ਨੌਜਵਾਨ ਚੇਲੇ ਲੁਡਵਿਗ ਫਿਊਰਬਾਖ ਦੇ ਭੌਤਿਕਵਾਦੀ ਵਿਚਾਰਾਂ ਨੂੰ ਅਪਣਾਇਆ। 1842 ਈ. ਵਿਚ ਉਸ ਨੇ 'ਰਨਿਸ਼ ਜੀਟਿੰਗ' ਨਾਂ ਦੀ ਪੱਤਰਿਕਾ ਦੀ ਸੰਪਾਦਕੀ ਕੀਤੀ। ਅਗਲੇ ਹੀ ਸਾਲ, 1843 ਵਿਚ ਮਾਰਕਸ ਦੇ ਇਕ ਲੇਖ ਕਾਰਨ ਪ੍ਰਸ਼ੀਆ ਦੀ ਸਰਕਾਰ ਨੇ 'ਰਨਿਸ਼ ਜੀਟਿੰਗ' ਪੱਤਰਿਕਾ ਨੂੰ ਬੰਦ ਕਰ ਦਿੱਤਾ। ਮਾਰਕਸ ਪਰਿਵਾਰ ਸਮੇਤ ਫਰਾਂਸ ਚਲਾ ਗਿਆ ਜਿੱਥੇ ਉਸ ਦੀ ਮੁਲਾਕਾਤ ਫਰਾਂਸੀਸੀ ਸਮਾਜਵਾਦੀ ਪਿਆਰੇ ਜੋਸਫ਼ ਪ੍ਰੋਧੋਂ ਅਤੇ ਰੂਸੀ ਅਰਾਜਕਤਾਵਾਦੀ ਮਿਖਾਇਲ ਬਾਕੁਨਿਨ ਨਾਲ਼ ਹੋਈ। ਇੱਥੇ ਹੀ ਉਹ ਫਰੈਂਡਰਿਕ ਏਂਗਲਜ਼ ਨੂੰ ਦੂਜੀ ਵਾਰ ਮਿਲਿਆ ਤੇ ਉਨ੍ਹਾਂ ਦੀ ਦੋਸਤੀ ਆਖ਼ਰੀ ਸਾਹ ਤੱਕ ਨਿਭੀ। ਮਾਰਕਸ ਦੀ ਪਹਿਲੀ ਪੁਸਤਕ 'ਦਾ ਹੋਲੀ ਫੈਮਲੀ' (Holy Family) 1845 ਵਿਚ ਛਪੀ। ਇਸ ਤੋਂ ਬਾਅਦ ਉਸ ਦੀਆਂ ਜਰਮਨ ਆਇਡੀਓਲੋਜੀ (The German Ideology 1846), ਪਾਵਰਟੀ ਆਫ਼ ਫਿਲਾਸਫੀ (Poverty of Philosophy 1847), ਕਮਿਊਨਿਸਟ ਮੈਨੀਫੈਸਟੋ (Communist Manifesto 1848) ਦਾਸ ਕੈਪੀਟਲ (Capital Vol 1,2,3. 1867-1894) ਉਸ ਦੇ ਮਹੱਤਵਪੂਰਨ ਕੰਮ ਹਨ।

ਅਠਾਰਵੀਂ ਸਦੀ ਦੀਆਂ ਮਹੱਤਵਪੂਰਨ ਘਟਨਾਵਾਂ (ਜਿਨ੍ਹਾਂ ਵਿਚ ਫਰਾਂਸ ਦੀ ਕ੍ਰਾਂਤੀ ਤੇ ਉਦਯੋਗਿਕ ਕ੍ਰਾਂਤੀ ਮੁੱਖ ਹਨ) ਨੇ ਪੱਛਮੀ ਸਮਾਜ ਦੇ ਮਜ਼ਦੂਰ ਵਰਗ ਵਿਚ ਚੇਤਨਾ ਨੂੰ ਉਭਾਰਨ ਵਿਚ ਅਹਿਮ ਭੂਮਿਕਾ ਨਿਭਾਈ। ਪੱਛਮੀ ਸਮਾਜ ਵਿਚ ਚੇਤਨਾ ਦਾ ਇਹ ਮੁੱਢਲਾ ਦੌਰ ਸੀ ਜਿਸ ਨੇ ਸਮਾਜਵਾਦ ਦੀ ਨੀਂਹ ਰੱਖੀ। ਉੱਨੀਵੀਂ ਸਦੀ ਦੇ ਦੂਜੇ ਅੱਧ ਵਿਚ ਮਾਰਕਸ ਤੇ ਏਂਗਲਜ਼ ਨੇ ਸਮਾਜਵਾਦੀ ਵਿਚਾਰਧਾਰਾ ਨੂੰ ਵਿਗਿਆਨਕ ਰੂਪ ਪ੍ਰਦਾਨ ਕੀਤਾ ਤੇ ਮਾਰਕਸਵਾਦ ਦੀ ਨੀਂਹ ਰੱਖੀ।

ਹੇਗਲ ਦੀ ਵਿਚਾਰਧਾਰਾ ਨੇ ਮਾਰਕਸ ਦੇ ਚਿੰਤਨ 'ਤੇ ਗਹਿਰਾ ਪ੍ਰਭਾਵ ਪਾਇਆ। ਮਾਰਕਸ ਨੇ ਹੇਗਲ ਦੇ ਦੰਵਦਵਾਦ ਦਾ ਸਿਧਾਂਤ ਤਾਂ ਗ੍ਰਹਿਣ ਕੀਤਾ ਪਰ ਇਸ ਵਿਚਲੀ ਅਧਿਆਤਮਿਕਤਾ ਨੂੰ ਰੱਦ ਕਰਦੇ ਹੋਏ ਪੂਰੀ ਤਾਕਤ ਨਾਲ਼ ਇਹ ਸਿੱਧ ਕੀਤਾ ਕਿ ਸਮਾਜ ਵਿਚ ਹੋਣ ਵਾਲ਼ੇ ਪਰਿਵਰਤਨਾਂ ਲਈ ਕੋਈ ਅਦਿੱਖ ਸ਼ਕਤੀ ਕੰਮ ਨਹੀਂ ਕਰਦੀ। ਉਸ ਅਨੁਸਾਰ ਇਸ ਪਿੱਛੇ ਸਮਾਜ ਦੀਆਂ ਆਰਥਿਕ ਦਿਸ਼ਾਵਾਂ ਕਾਰਜ਼ਸ਼ੀਲ ਹੁੰਦੀਆਂ ਹਨ। ਯੰਗ ਹੇਗਲਵਾਦੀ ਦੇ ਤੌਰ 'ਤੇ ਮਾਰਕਸ ਨੇ ਧਰਮ ਤੇ ਰਾਜ ਦੇ ਸੰਕਲਪਾਂ ਨੂੰ ਯਥਾਰਥ ਦਾ ਉਲਟਾ ਰੂਪ ਦੱਸਿਆ। "ਇਨ੍ਹਾਂ ਦੋਵਾਂ ਖੇਤਰਾਂ ਵਿਚ, ਦੋ ਗਿਆਨ ਸੰਬੰਧੀ ਪ੍ਰਕਿਰਿਆਵਾਂ ਕੰਮ ਕਰ ਰਹੀਆਂ ਸਨ। ਪਹਿਲੀ, ਗਤੀ ਦੂਜੇ ਪਾਸੇ ਦੀ ਬਜਾਏ ਵਿਚਾਰਾਂ ਤੋਂ ਭੌਤਿਕ ਹਕੀਕਤ ਵੱਲ ਸੀ ਅਤੇ ਦੂਜੀ ਇਸ ਉਲਟ ਪ੍ਰਕਿਰਿਆ ਨੇ ਚੀਜ਼ਾਂ ਦੀ ਅਸਲ ਪ੍ਰਕਿਰਿਤੀ ਨੂੰ ਗ਼ੈਰ-ਕੁਦਰਤੀ ਤੌਰ 'ਤੇ ਧੁੰਦਲਾ ਨਹੀਂ ਕੀਤਾ। ਧਰਮ ਇਹ ਸਮਝਣ ਵਿਚ ਅਸਫ਼ਲ ਰਿਹਾ ਹੈ ਕਿ (man makes religion, religion does not make man.') 'ਮਨੁੱਖ ਧਰਮ ਬਣਾਉਂਦਾ ਹੈ, ਧਰਮ ਮਨੁੱਖ ਨਹੀਂ ਬਣਾਉਂਦਾ।' ਫਿਊਰਬਾਖ ਦੀ ਪਾਲਣਾ ਕਰਦੇ ਹੋਏ, ਮਾਰਕਸ ਨੇ ਦਾਅਵਾ ਕੀਤਾ ਕਿ ਪਰਮਾਤਮਾ ਦਾ ਵਿਚਾਰ ਮਨੁੱਖੀ ਇੱਛਾਵਾਂ ਦੇ ਇਕ ਅਨੁਮਾਨ ਤੋਂ ਇਲਾਵਾ ਕੁਝ ਨਹੀਂ ਹੈ। ਜਿੰਨਾਂ ਚਿਰ ਪਰਮਾਤਮਾ ਦੀ ਸੰਸਾਰ ਦੇ ਸਿਰਜਣਹਾਰ ਵਜੋਂ ਕਲਪਨਾ ਕੀਤੀ ਜਾਂਦੀ ਰਹੇਗੀ ਤੇ ਜਿਸ 'ਤੇ ਮਨੁੱਖਤਾ ਨਿਰਭਰ ਹੈ, ਤਦ ਤੱਕ ਮਨੁੱਖਾਂ ਦਾ ਅਸਲ ਸੁਭਾਅ, ਆਪਣੀ ਕਿਸਮਤ ਦੇ ਨਿਯੰਤਰਣ ਵਿਚ ਰਹੇਗਾ ਤੇ ਮਨੁੱਖ ਦੁਆਰਾ ਸਵੈ-ਉਤਪਾਦਨ ਕਰਨਾ ਨਿਰਾਸ਼ਾਜਨਕ ਹੋਵੇਗਾ।"[1] ਉਸ ਨੇ ਹੇਗਲ ਦੁਆਰਾ ਰਾਜ (State) ਨੂੰ 'ਧਰਤੀ 'ਤੇ ਬ੍ਰਹਮ ਵਿਚਾਰ' ਮੰਨਣ ਦਾ ਵੀ ਵਿਰੋਧ ਕੀਤਾ ਅਤੇ ਮੰਨਿਆ ਕਿ ਅਜਿਹੀਆਂ ਆਦਰਸ਼ਵਾਦੀ ਧਾਰਨਾਵਾਂ ਅਸਲ ਸਮਾਜਕ ਯਥਾਰਥ ਨੂੰ ਛੁਪਾਉਣ ਦਾ ਕਾਰਜ ਕਰਦੀਆਂ ਹਨ। "ਧਰਮ ਤੇ ਰਾਜਨੀਤੀ ਦੀਆਂ ਗਲਤ ਧਾਰਨਾਵਾਂ, ਜਿੰਨਾਂ ਦੀ ਉਸ ਨੇ ਅਲੋਚਨਾ ਕੀਤੀ

ਸੀ, ਦਾ ਆਧਾਰ ਸਮਾਜਕ ਸੰਸਾਰ ਵਿਚ ਸੀ ਜੋ ਇੰਨਾ ਗਲਤ ਢੰਗ ਨਾਲ਼ ਬਣਾਇਆ ਗਿਆ ਸੀ ਕਿ ਇਹ ਅਨੁਕੂਲ ਭਰਮ ਪੈਦਾ ਕਰ ਸਕੇ।"[2] ਇਸ ਤਰ੍ਹਾਂ ਉਸ ਨੇ ਧਰਮ ਤੇ ਰਾਜ ਨੂੰ ਸੱਤਾਧਾਰੀ ਧਿਰ ਦਾ ਪੱਖ ਪੂਰਨ ਵਾਲ਼ੇ ਵਿਚਾਰਧਾਰਾ ਦੇ ਵਿਗੜੇ ਹੋਏ ਰੂਪ ਮੰਨਿਆ ਤੇ ਸਮਾਜਕ ਢਾਂਚੇ ਨੂੰ ਸਮਝਣ ਲਈ 'ਦਵੰਦਵਾਦੀ ਪਦਾਰਥਵਾਦ'’ਤੇ ਜੋਰ ਦਿੱਤਾ। ਮਾਰਕਸ ਕਹਿੰਦਾ ਹੈ, "ਮੇਰਾ ਆਪਣਾ ਦਵੰਦਵਾਦੀ ਤਰੀਕਾ ਨਾ ਸਿਰਫ਼ ਹੇਗਲ ਤੋਂ ਵੱਖਰਾ ਹੈ ਸਗੋਂ ਇਸ ਦਾ ਸਿੱਧਾ ਉਲਟ ਹੈ। ਹੇਗਲ ਲਈ ਸੋਚਣ ਦੀ ਪ੍ਰਕਿਰਿਆ ਅਸਲ ਸੰਸਾਰ ਦੀ ਸਿਰਜਣਹਾਰ ਹੈ, ਤੇ ਅਸਲ ਸੰਸਾਰ ਸਿਰਫ਼ ਵਿਚਾਰ ਦਾ ਬਾਹਰੀ ਪ੍ਰਗਟਾਵਾ ਹੈ। ਮੇਰੇ ਅਨੁਸਾਰ ਵਿਚਾਰ, ਮਨੁੱਖੀ ਮਨ ਦੁਆਰਾ ਪ੍ਰਤੀਬਿੰਬਤ ਕੀਤੇ ਗਏ ਭੌਤਿਕ ਸੰਸਾਰ ਨੂੰ ਵਿਚਾਰਾਂ ਦੇ ਰੂਪ ਵਿਚ ਬਦਲਣ ਤੋਂ ਇਲਾਵਾ ਹੋਰ ਕੁੱਝ ਨਹੀਂ ਹੈ।"[3] ਮਾਰਕਸ ਨੇ ਹੇਗਲ ਦੇ 'ਦਵੰਦਵਾਦ' ਬਾਰੇ ਦਿੱਤੇ ਤਿੰਨ ਨਿਯਮਾਂ ਨੂੰ ਮੰਨਿਆ ਤੇ ਉਨ੍ਹਾਂ ਦੀ ਪਦਾਰਥਵਾਦੀ ਨਜ਼ਰੀਏ ਤੋਂ ਨਵੀਂ ਵਿਆਖਿਆ ਕੀਤੀ। ਇਨ੍ਹਾਂ ਵਿਚੋਂ ਪਹਿਲਾਂ ਨਿਯਮ ਹੈ:

• **ਗਿਣਾਤਮਕ ਤੋਂ ਗੁਣਾਤਮਕ ਪਰਿਵਰਤਨ ਵਿਚ ਰੂਪਾਂਤਰਣ ਦਾ ਨਿਯਮ (The Law of the Transformation of Quantity into Quality)**

ਇਸ ਨਿਯਮ ਤੋਂ ਭਾਵ ਹੈ ਕਿ ਛੋਟੇ ਤੋਂ ਛੋਟੇ ਗਿਣਾਤਮਕ ਪਰਿਵਰਤਨ ਤੋਂ ਵੱਡੇ-ਵੱਡੇ ਗੁਣਾਤਮਕ ਪਰਿਵਰਤਨ ਵੀ ਸੰਭਵ ਹਨ। ਜ਼ਿਆਦਾਤਰ ਹਿੱਸੇ ਵਿਚ ਚੀਜ਼ਾਂ ਹੌਲੀ-ਹੌਲੀ ਗੁਣਾਤਮਕ ਪਰਿਵਰਤਨ ਵਿਚ ਬਦਲੀਆਂ ਰਹਿੰਦੀਆਂ ਹਨ ਪਰ ਕਈ ਵਾਰੀ ਅਚਾਨਕ ਇਕ ਵੱਖਰੀ ਸਥਿਤੀ ਹੋਂਦ ਵਿਚ ਆ ਜਾਂਦੀ ਹੈ ਜਿਸ ਨਾਲ਼ ਚੀਜ਼ਾਂ ਬੜੀ ਤੇਜ਼ੀ ਨਾਲ਼ ਬਦਲਦੀਆਂ ਹਨ। ਮਾਰਕਸ ਦਾ ਮੰਨਣਾ ਹੈ ਕਿ "ਸਮਾਜਕ ਬਦਲਾਅ ਵੀ ਬਿਲਕੁਲ ਇਸੇ ਤਰ੍ਹਾਂ ਵਾਪਰਦੇ ਹਨ। ਜ਼ਿਆਦਾਤਰ ਹਿੱਸੇ ਵਿਚ ਹੌਲ਼ੀ-ਹੌਲ਼ੀ, ਪਰ ਅਚਾਨਕ ਬਦਲ ਜਾਂਦੇ ਹਨ।" [4]

• **ਪਰਸਪਰ ਵਿਰੋਧਾਂ ਵਿਚ ਏਕਤਾ ਦਾ ਨਿਯਮ (The Law of the Unity of Opposites)**

ਸੰਸਾਰ ਦੀਆਂ ਸਾਰੀਆਂ ਵਸਤੂਆਂ ਪਰਸਪਰ ਵਿਰੋਧੀ ਤੱਤਾਂ ਤੋਂ ਮਿਲ ਕੇ ਬਣੀਆਂ ਹਨ, ਜਿਵੇਂ ਦਿਨ ਤੇ ਰਾਤ, ਚੰਗਾ-ਮਾੜਾ ਆਦਿ। ਇਹ ਵਿਰੋਧੀ ਤੱਤ, ਵਿਰੋਧੀ ਹੋ ਕੇ ਵੀ ਵਿਵਸਥਾ ਨੂੰ ਏਕਤਾ ਪ੍ਰਦਾਨ ਕਰਦੇ ਹਨ। ਇਕ ਤੋਂ ਬਿਨਾਂ ਦੂਜੇ ਦੀ ਹੋਂਦ ਨਹੀਂ ਹੈ। ਜਿੱਥੇ ਇਨ੍ਹਾਂ ਵਿਚਕਾਰ ਸੰਘਰਸ਼ ਚਲਦਾ ਰਹਿੰਦਾ ਹੈ, ਉੱਥੇ ਇਹ ਵਿਕਾਸ ਵੀ ਕਰਦੇ ਹਨ। ਮਾਰਕਸ ਦਾ

ਮੰਨਣਾ ਹੈ ਕਿ "ਜਾਇਦਾਦ ਦੀ ਮਾਲਕੀ ਵਾਲ਼ਾ ਵਰਗ ਮਜ਼ਦੂਰ ਵਰਗ ਦੇ ਵਿਰੁੱਧ ਹੈ, ਪਰ ਕੋਈ ਵੀ ਇਕ ਦੂਜੇ ਦੇ ਬਿਨਾਂ ਨਹੀਂ ਰਹਿ ਸਕਦਾ। ਜਾਇਦਾਦ ਦੇ ਮਾਲਕਾਂ ਨੂੰ ਆਪਣੀ ਮਸ਼ੀਨਰੀ ਚਲਾਉਣ ਲਈ ਕਾਮਿਆਂ ਦੀ ਲੋੜ ਹੁੰਦੀ ਹੈ ਅਤੇ ਮਜ਼ਦੂਰਾਂ ਨੂੰ ਨੌਕਰੀਆਂ ਲਈ ਜਾਇਦਾਦ ਦੇ ਮਾਲਕਾਂ ਦੀ ਲੋੜ ਹੁੰਦੀ ਹੈ।"[5]

• **ਨਿਖੇਧ ਦੇ ਨਿਖੇਧ ਦਾ ਨਿਯਮ (The law of the Negation of the Negation)**

ਇਸ ਨਿਯਮ ਅਨੁਸਾਰ "ਕਿਸੇ ਵੀ 'ਮੂਲ ਵਿਚਾਰ' (Thesis) ਵਿਚ ਆਪਣੇ ਅੰਦਰ ਸਮੱਸਿਆਵਾਂ ਅਤੇ ਮੁਸ਼ਕਲਾਂ (ਵਿਰੋਧ) ਹੁੰਦੀਆਂ ਹਨ ਜੋ ਇਸ ਨੂੰ ਪਤਨ ਵੱਲ ਲੈ ਜਾਂਦੀਆਂ ਹਨ। ਇਹ ਪਤਨ ਅਸਲ ਵਿਚ 'ਵਿਰੋਧੀ ਵਿਚਾਰਾਂ' (Antithesis) ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ ਜੋ ਵਿਰੋਧਾਭਾਸਾਂ ਨੂੰ ਪ੍ਰਗਟ ਕਰਦਾ ਹੈ, ਇਸ ਤਰ੍ਹਾਂ ਇਹ 'ਮੂਲ ਵਿਚਾਰ' (Thesis) ਨੂੰ ਨਕਾਰਦਾ ਹੈ। ਪਰ ਵਿਰੋਧੀ ਵਿਚਾਰਾਂ (Antithesis) ਵਿਚ ਵੀ ਆਪਣੇ ਵਿਰੋਧਾਭਾਸ ਹੁੰਦੇ ਹਨ ਜੋ 'ਸੰਸਲੇਸ਼ਣ' (Synthesis) ਦੁਆਰਾ ਪ੍ਰਗਟ ਹੁੰਦੇ ਹਨ। ਇਸ ਤਰ੍ਹਾਂ ਨਿਖੇਧ ਆਪਣੇ ਆਪ ਵਿਚ ਨਿਖੇਧ ਹੈ। ਮਾਰਕਸਵਾਦੀ ਇਤਿਹਾਸ ਵਿਚ ਕੰਮ ਕਰਨ ਵਾਲ਼ੀ ਇਸ ਪ੍ਰਕਿਰਿਆ ਦੀ ਪਛਾਣ ਕਰਦੇ ਹਨ। ਜਿਵੇਂ ਕਿ ਜਗੀਰੂ ਪ੍ਰਣਾਲੀ ਵਿਚ ਢਾਂਚਾਗਤ ਤੱਤ ਸਨ ਜੋ ਅਟੱਲ ਤੌਰ 'ਤੇ ਇਸ ਦੇ ਪਤਨ ਦਾ ਕਾਰਨ ਬਣੇ।"[6] ਜਗੀਰੂ ਪ੍ਰਣਾਲੀ ਦੇ ਵਿਰੋਧ ਪੂੰਜੀਵਾਦ ਦੁਆਰਾ ਪ੍ਰਗਟ ਕੀਤੇ ਗਏ ਅਤੇ ਪੂੰਜੀਵਾਦ ਨੇ ਜਗੀਰੂ ਪ੍ਰਣਾਲੀ ਦਾ ਨਿਖੇਧ ਕੀਤਾ। ਇਸੇ ਤਰ੍ਹਾਂ ਪੂੰਜੀਵਾਦ ਦੇ ਵਿਰੋਧਾਂ ਨੂੰ ਸਮਾਜਵਾਦ ਦੁਆਰਾ ਪ੍ਰਗਟ ਕੀਤਾ ਜਾਵੇਗਾ ਤੇ ਇਸ ਦਾ ਨਿਖੇਧ ਕੀਤਾ ਜਾਵੇਗਾ। ਇਸ ਤਰ੍ਹਾਂ ਨਿਖੇਧ ਦੇ ਨਿਖੇਧ ਦਾ ਨਿਯਮ ਕੰਮ ਕਰਦਾ ਹੈ। ਪਰ ਮਾਰਕਸ ਦਾ ਮੰਨਣਾ ਹੈ ਕਿ "ਹਰੇਕ ਨਿਖੇਧ ਵਿਚ ਵਿਰੋਧਤਾਈਆਂ ਨੂੰ ਛੱਡ ਦਿੱਤਾ ਜਾਂਦਾ ਹੈ ਪਰ ਚੰਗੀਆਂ ਚੀਜ਼ਾਂ ਨੂੰ ਰੱਖ ਲਿਆ ਜਾਂਦਾ ਹੈ। ਸਮਾਜਵਾਦ ਪੂੰਜੀਵਾਦ ਦੇ ਸ਼ੋਸ਼ਣ ਨੂੰ ਤਿਆਗ ਦੇਵੇਗਾ ਪਰ ਉਨੱਤ ਤਕਨਾਲੋਜੀ ਨੂੰ ਬਰਕਰਾਰ ਰੱਖੇਗਾ। ਇਸ ਤਰ੍ਹਾਂ ਨਿਖੇਧ ਦੇ ਨਿਖੇਧ ਦੀ ਪ੍ਰਕਿਰਿਆ ਪ੍ਰਗਤੀਸ਼ੀਲ ਅਤੇ ਆਸ਼ਾਵਾਦੀ ਹੈ।"[7]

ਮਾਰਕਸ ਨੇ ਦੰਵਦਵਾਦੀ ਪਦਾਰਥਵਾਦ ਸਿਧਾਂਤ ਨੂੰ ਵਿਗਿਆਨਕ ਰੂਪ ਦਿੰਦੇ ਹੋਏ ਮੰਨਿਆ ਕਿ ਪ੍ਰਕਿਰਤੀ, ਸਮਾਜ ਤੇ ਵਿਚਾਰਧਾਰਾ ਸਾਰਿਆਂ ਵਿਚ ਦਵੰਦ ਦੇਖਣ ਨੂੰ ਮਿਲਦਾ ਹੈ। ਉਸ ਨੇ ਇਸ ਸਿਧਾਂਤ ਨੂੰ ਇਤਿਹਾਸ 'ਤੇ ਲਾਗੂ ਕਰਦੇ ਹੋਏ ਮੰਨਿਆ ਕਿ ਵਿਚਾਰ ਤੇ ਪਦਾਰਥ ਅਲੱਗ-ਅਲੱਗ ਹੀ ਨਹੀਂ ਸਗੋਂ ਇਕ ਦੂਜੇ ਦੇ ਵਿਰੋਧੀ ਵੀ ਹਨ, ਪਰ ਜਦੋਂ ਵਿਚਾਰ ਤੇ

ਪਦਾਰਥ ਨੂੰ ਇਕ ਕਰਕੇ ਸਮਝਿਆ ਜਾਂਦਾ ਹੈ ਤਾਂ ਪਦਾਰਥ ਮੂਲ ਹੈ ਤੇ ਬਨਿਆਦੀ ਤੱਤ ਹੈ। ਵਿਚਾਰ ਤੋਂ ਬਿਨ੍ਹਾਂ ਵੀ ਪਦਾਰਥ ਦੀ ਹੋਂਦ ਹੈ। "ਇਕ ਭੌਤਿਕਵਾਦੀ ਵਜੋਂ ਮਾਰਕਸ ਦਾ ਤਰਕ ਹੈ ਕਿ ਮਨੁੱਖੀ ਚੇਤਨਾ ਅੰਤ ਵਿਚ ਪਦਾਰਥ ਦੀ ਇਕ ਉਪਜ ਹੈ ਜੋ ਮਨੁੱਖੀ ਕਿਰਤ ਦੇ ਭੌਤਿਕ ਸੰਸਾਰ ਨਾਲ਼ ਪਰਸਪਰ ਸੰਬੰਧਾਂ ਦੇ ਸਿੱਟੇ ਵਜੋਂ ਪੈਦਾ ਹੁੰਦੀ ਹੈ। ਮਨੁੱਖ ਚੇਤਨ ਹਨ ਪਰ ਚੇਤਨਾ ਦਾ ਉਹ ਖ਼ਾਸ ਰੂਪ ਦਿੱਤੇ ਗਏ ਸਮਾਜ ਵਿਚ ਆਰਥਿਕ ਉਤਪਾਦਨ ਦੀ ਸਥਿਤੀ ਦਾ ਨਤੀਜਾ ਹੈ। ਇਸ ਲਈ ਮਨੁੱਖੀ ਇਤਿਹਾਸ ਨੂੰ ਮੁੱਖ ਤੌਰ 'ਤੇ ਅਰਥ-ਵਿਵਸਥਾ ਵਿਚ ਤਬਦੀਲੀਆਂ ਦੇ ਸੰਦਰਭ ਵਿਚ ਸਮਝਿਆ ਜਾਣਾ ਚਾਹੀਦਾ ਹੈ"[8] ਕਿਉਂਕਿ ਜਦੋਂ ਕਿਸੇ ਸਮਾਜ ਦਾ ਵਿਸ਼ਲੇਸ਼ਣ ਭੌਤਿਕ ਉਤਪਾਦਨ ਸ਼ਕਤੀਆਂ ਦੇ ਸੰਦਰਭ ਵਿਚ ਕੀਤਾ ਜਾਂਦਾ ਹੈ ਤਾਂ ਇਸ ਨੂੰ ਇਤਿਹਾਸ ਦੀ ਭੌਤਿਕਵਾਦੀ ਵਿਆਖਿਆ ਕਿਹਾ ਜਾਂਦਾ ਹੈ ਤੇ ਮਾਰਕਸ ਨੇ ਇਸੇ ਨੂੰ ਇਤਿਹਾਸ ਦੀ ਭੌਤਿਕਵਾਦੀ ਪਹੁੰਚ (Materialist conception of History) ਕਿਹਾ ਹੈ। ਮਾਰਕਸ ਦੇ ਇਸ ਦ੍ਰਿਸ਼ਟੀਕੋਣ ਤੋਂ ਸਮਾਜ ਦੀ ਬਣਤਰ ਵਿਚ ਅਹਿਮ ਪੱਖ ਨੀਂਹ (Base) ਭਾਵ ਕਿ ਆਰਥਿਕ ਢਾਂਚਾ ਹੈ। "ਕਿਸੇ ਸਮਾਜ ਦੇ ਉਤਪਾਦਨ ਸੰਬੰਧਾਂ ਦਾ ਕੁੱਲ ਜੋੜ ਹੀ ਕਿਸੇ ਸਮਾਜ ਦਾ ਆਰਥਿਕ ਢਾਂਚਾ, ਇਸਦਾ ਆਧਾਰ ਜਾਂ ਨੀਂਹ (Base) ਬਣਦਾ ਹੈ। ਇਹ ਨੀਂਹ ਹੀ ਸਮਾਜ ਦਾ ਬੁਨਿਆਦੀ ਢਾਂਚਾ ਹੁੰਦੀ ਹੈ, ਜਿਸ ਦੇ ਉਪਰ ਸਮਾਜ ਦਾ ਬਾਕੀ ਸਾਰਾ ਢਾਂਚਾ ਜਿਵੇਂ ਰਾਜ, ਕਾਨੂੰਨ, ਨੈਤਿਕਤਾ, ਰਾਜਨੀਤੀ, ਧਰਮ, ਕਲਾ ਆਦਿ ਉਸਰਿਆ ਹੁੰਦਾ ਹੈ। ਮਨੁੱਖੀ ਚੇਤਨਾ ਦੇ ਇਨ੍ਹਾਂ ਵੱਖ-ਵੱਖ ਰੂਪਾਂ ਦੇ ਸਮੁੱਚ ਨੂੰ ਹੀ ਅਸੀਂ ਕਿਸੇ ਸਮਾਜ ਦੇ ਉਸਾਰ (superstructre) ਜਾਂ ਉਪਰਲੀ ਬਣਤਰ ਵਜੋਂ ਗ੍ਰਹਿਣ ਕਰਦੇ ਹਾਂ।"[9] ਜਦੋਂ ਕਿਸੇ ਸਮਾਜ ਦੇ ਇਤਿਹਾਸ ਦੀ ਭੌਤਿਕ ਵਿਆਖਿਆ ਜਾਂ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਸਭ ਤੋਂ ਅਹਿਮ ਪੱਖ ਉਸ ਸਮਾਜ ਦੇ ਅਧਾਰ/ਆਰਥਿਕ ਭਾਵ ਉਤਪਾਦਨ ਦੇ ਢੰਗਾਂ (Mode of Production) ਨੂੰ ਸਮਝਣ ਦਾ ਹੈ। ਉਤਪਾਦਨ ਦੇ ਢੰਗਾਂ ਦੁਆਰਾ ਸਿਰਜੇ ਭੌਤਿਕ ਸਮਾਜਕ ਸੰਬੰਧ ਇਤਿਹਾਸਕ ਤੌਰ 'ਤੇ ਸਿਰਜੇ ਜਾਂਦੇ ਹਨ ਜੋ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਉਸੇ ਰੂਪ ਵਿਚ ਰੂਪਾਂਤਰਰਿਤ ਨਹੀਂ ਹੁੰਦੇ ਕਿਉਂਕਿ ਭੌਤਿਕ ਵਸਤੂਆਂ ਦੇ ਉਤਪਾਦਨ ਦਾ ਢੰਗ ਆਮ ਤੌਰ 'ਤੇ ਸਮਾਜਕ, ਰਾਜਨੀਤਕ ਅਤੇ ਬੌਧਿਕ ਜੀਵਨ ਪ੍ਰਕਿਰਿਆ ਨੂੰ ਨਿਰਧਾਰਤ ਕਰਦਾ ਹੈ। ਜਿਵੇਂ-ਜਿਵੇਂ ਕਿਸੇ ਸਮਾਜ ਦੇ ਉਤਪਾਦਨ ਢੰਗਾਂ ਵਿਚ ਬਦਲਾਵ ਆਉਂਦਾ ਹੈ, ਉਵੇਂ ਹੀ ਇਸ ਦੇ ਸਮਾਜਕ, ਰਾਜਨੀਤਕ ਤੇ ਬੌਧਿਕ ਜੀਵਨ ਵਿਚ ਵੀ ਬਦਲਾਵ ਆਉਂਦਾ ਹੈ। ਇਸ ਬਦਲਾਵ ਪਿੱਛੇ ਉਤਪਾਦਨ ਸ਼ਕਤੀਆਂ

(Productive Forces) ਦੀ ਭੂਮਿਕਾ ’ਤੇ ਜ਼ੋਰ ਦਿੰਦੇ ਹੋਏ ਮਾਰਕਸ ਕਹਿੰਦਾ ਹੈ ਕਿ “ਆਪਣੇ ਵਿਕਾਸ ਦੇ ਇਕ ਖ਼ਾਸ ਪੜਾਅ ’ਤੇ ਸਮਾਜ ਦੀਆਂ ਭੌਤਿਕ ਉਤਪਾਦਕ ਸ਼ਕਤੀਆਂ ਮੌਜੂਦਾ ਉਤਪਾਦਨ ਸੰਬੰਧਾਂ ਦੇ ਵਿਰੋਧ ਵਿਚ ਆ ਜਾਂਦੀਆਂ ਹਨ।......ਫਿਰ ਸਮਾਜਕ ਕ੍ਰਾਂਤੀ ਦਾ ਦੌਰ ਸ਼ੁਰੂ ਹੁੰਦਾ ਹੈ। ਆਰਥਿਕ ਨੀਂਹ ਵਿਚ ਤਬਦੀਲੀ ਦੇ ਨਾਲ਼ ਉਸਾਰ ਦੇ ਵੱਖ-ਵੱਖ ਪਹਿਲੂ ਵੀ ਘੱਟ ਜਾਂ ਵੱਧ ਤੇਜ਼ੀ ਨਾਲ਼ ਬਦਲ ਜਾਂਦੇ ਹਨ।”[10]

ਉਤਪਾਦਨ ਦੇ ਤਰੀਕਿਆਂ ਦੇ ਅਧਾਰ ’ਤੇ ਮਾਰਕਸ ਨੇ ਇਤਿਹਾਸ ਨੂੰ ਪੰਜ ਅਵਸਥਾਵਾਂ/ਹਿੱਸਿਆਂ (Stages) ਵਿਚ ਵੰਡਿਆ ਹੈ।

- ਮੁੱਢਲਾ ਕਮਿਊਨਿਜ਼ਮ (Primitive Communism Stage)
- ਦਾਸ ਪ੍ਰਥਾ ਦੀ ਅਵਸਥਾ (Slavery Stage)
- ਜਗੀਰਦਾਰੀ ਅਵਸਥਾ (Feudal Stage)
- ਪੂੰਜੀਵਾਦੀ ਅਵਸਥਾ (Capitalist Stage)
- ਸਮਾਜਵਾਦੀ ਅਵਸਥਾ (Socialist Stage)

ਮਾਰਕਸ ਅਨੁਸਾਰ ਸ਼ੁਰੂਆਤੀ ਮਨੁੱਖੀ ਇਤਿਹਾਸ ‘ਮੁੱਢਲੇ ਕਮਿਊਨਿਜ਼ਮ’ ਦਾ ਸੀ ਜਿਸ ਵਿਚ ਸਾਰੇ ਮਿਲ ਕੇ ਕੰਮ ਕਰਦੇ ਸਨ, ਇਹ ਸਮਾਜ ਵਰਗ ਰਹਿਤ ਸੀ। ਪਰ “ਕੁੱਝ ਲੋਕ ਪੂਰੀ ਤਰ੍ਹਾਂ ਉਤਪਾਦਨ ਦੀਆਂ ਸ਼ਕਤੀਆਂ- ਖੇਤਾਂ, ਜਾਨਵਰਾਂ, ਉਪਕਰਣਾਂ ਆਦਿ ਉੱਤੇ ਨਿਯੰਤਰਣ ਹਾਸਲ ਕਰਨ ਦੇ ਯੋਗ ਹੋ ਗਏ ਅਤੇ ਬਾਕੀਆਂ ਦੀ ਕਿਰਤ ਨੂੰ ਬਿਨਾਂ ਕੋਈ ਕੰਮ ਕੀਤੇ ਵਰਤਣ ਦੇ ਯੋਗ ਹੋ ਗਏ।”[11] ਇਸ ਤਰ੍ਹਾਂ ਪਹਿਲੀ ਵਾਰ ਮਨੁੱਖੀ ਇਤਿਹਾਸ ਵਿਚ ਸ਼ੋਸਣ ਦਾ ਵਿਚਾਰ ਸਾਹਮਣੇ ਆਇਆ। ਜਿਸ ਨੇ ਗੁਲਾਮੀ ’ਤੇ ਅਧਾਰਤ ਸਮਾਜਾਂ ਦੀ ਨੀਂਹ ਰੱਖੀ। ਇਸ ਸਮਾਜ ਵਿਚ ਸੱਤਾਧਾਰੀ ਧਿਰ ਦੀ ਅਸਲ ਜਾਇਦਾਦ ਗੁਲਾਮ ਸਨ। “ਇਹ ਪ੍ਰਣਾਲੀ ਆਪਣੇ ਵਿਰੋਧਾਭਾਸਾਂ ਕਾਰਨ ਢਹਿ ਗਈ ਅਤੇ ਇਸ ਦੀ ਥਾਂ ਜਗੀਰਦਾਰੀ ਪ੍ਰਣਾਲੀ ਨੇ ਲੈ ਲਈ।”[12] ਜਗੀਰਦਾਰੀ ਪ੍ਰਣਾਲੀ ਵਿਚ ਲੋਕਾਂ ਦਾ ਵੱਡਾ ਸਮੂਹ ਜ਼ਮੀਨ ਨਾਲ਼ ਜੁੜਿਆ ਹੋਇਆ ਸੀ ਪਰ ਜ਼ਮੀਨ ਦੀ ਮਲਕੀਅਤ ਕੁਲੀਨ ਵਰਗ ਦੇ ਹੱਥ ਸੀ। ਉਤਪਾਦਨ ਦੇ ਸੰਬੰਧਾਂ ਵਿਚ ਬਦਲਾਵ ਆਉਣ ਨਾਲ਼ ਮਸ਼ੀਨੀਕਰਨ ਦੀ ਪ੍ਰਕਿਰਿਆ ਨੇ ਸੱਤਾ ਜਗੀਰਦਾਰੀ ਪ੍ਰਬੰਧ ਦੇ ਹੱਥੋਂ ਕੱਢ ਕੇ ‘ਪੂੰਜੀਵਾਦ’ ਨੂੰ ਦੇ ਦਿੱਤੀ। ਮਾਰਕਸ ਦਾ ਮੰਨਣਾ ਹੈ ਕਿ ‘ਪੂੰਜੀਵਾਦ’ ਵਿਚ ਵੀ ਅੰਤਰ-ਵਿਰੋਧ, ਦਵੰਦ ਤੇ ਨਿਖੇਧ ਹਨ, ਜਿਨ੍ਹਾਂ ਦੇ ਸਿੱਟੇ ਵਜੋਂ ਪੂੰਜੀਵਾਦ ਦਾ ਪਤਨ ਲਾਜ਼ਮੀ ਹੈ। ਪੂੰਜੀਵਾਦ ਦੇ ਵਿਰੋਧ ਵਿਚੋਂ ਪ੍ਰੋਲੇਤਾਰੀ ਵਰਗ ਦੀ ਡਿਕਟੇਟਰਸ਼ਿਪ ਵਾਲੇ

ਸਮਾਜਵਾਦੀ ਸਮਾਜ ਦੀ ਸ਼ੁਰੂਆਤ ਹੋਵੇਗੀ ਜਿਸ ਵਿਚ ਉਤਪਾਦਨ ਦੇ ਸਾਧਨਾਂ 'ਤੇ ਪੂੰਜੀਪਤੀ ਵਰਗ ਦੀ ਬਜਾਏ ਪ੍ਰੋਲੇਤਾਰੀ ਵਰਗ ਦਾ ਕਬਜ਼ਾ ਹੋਵੇਗਾ ਅਤੇ ਉਹ ਆਪਣੇ ਉਤਪਾਦਨ ਦੇ ਸਾਧਨਾਂ ਨੂੰ ਵਧੇਰੇ ਤੇਜ਼ੀ ਨਾਲ਼ ਵਿਕਸਤ ਕਰ ਸਕਣ। ਇਸੇ ਸਮਾਜਵਾਦ ਦੀ ਅਗਲੀ ਕੜੀ 'ਕਮਿਊਨਿਜ਼ਮ' ਸਮਾਜਾਂ ਦੀ ਹੋਵੇਗੀ ਜਿਸ ਵਿਚ ਨਾ ਪੂੰਜੀਪਤੀ ਹੋਣਗੇ ਨਾ ਪ੍ਰੋਲੇਤਾਰੀ। ਇਹ ਸਮਾਜ ਵਰਗ ਰਹਿਤ ਤੇ ਰਾਜ ਰਹਿਤ ਹੋਵੇਗਾ। ਮਾਰਕਸ ਅਨੁਸਾਰ ਇਸ ਵਰਗ ਰਹਿਤ ਸਮਾਜ ਵਿਚ "ਹਰੇਕ ਨੇ ਆਪਣੀ ਸਮਰੱਥਾ ਅਨੁਸਾਰ ਕੰਮ ਕਰਨਾ ਹੈ ਤੇ ਆਪਣੀ ਜ਼ਰੂਰਤ ਅਨੁਸਾਰ ਪ੍ਰਾਪਤ ਕਰਨਾ ਹੈ।" (From each according to his ability, to each according to his need.)

ਪੂੰਜੀਵਾਦੀ ਸਮਾਜ ਦਾ ਵਿਸ਼ਲੇਸ਼ਣ ਕਰਦਿਆਂ ਮਾਰਕਸ ਨੇ ਇਸ ਵਿਚਲੇ ਅੰਤਰ-ਵਿਰੋਧਾਂ ਦੀ ਪਛਾਣ ਕਰ ਮਜ਼ਦੂਰ ਵਰਗ ਦੇ ਸ਼ੋਸਣ ਨੂੰ ਉਭਾਰਿਆ ਤੇ 'ਵਾਧੂ ਮੁੱਲ ਦਾ ਸਿਧਾਂਤ'(Surplus Value) ਤੇ ਮਜ਼ਦੂਰਾਂ ਦੇ 'ਅਲਗਾਵ'(Alienation) ਦੀ ਧਾਰਨਾ ਵੀ ਪ੍ਰਸਤੁਤ ਕੀਤੀ। ਪੂੰਜੀਵਾਦ ਅਜਿਹਾ ਆਰਥਿਕ ਢਾਂਚਾ ਹੈ ਜਿਸ ਵਿਚ ਪੈਦਾਵਾਰ ਦੇ ਸਾਧਨਾਂ 'ਤੇ ਪੂੰਜੀਪਤੀ ਵਰਗ ਦਾ ਕਬਜ਼ਾ ਹੈ। ਮਜ਼ਦੂਰ ਵਰਗ ਨਿਰਧਾਰਤ ਕੀਮਤ 'ਤੇ ਕਿਰਤ ਦੀਆਂ ਭੈੜੀਆਂ ਹਾਲਤਾਂ (ਨਿਰਧਾਰਤ ਘੰਟਿਆਂ ਤੋਂ ਵਧੇਰੇ ਸਮੇਂ ਤੱਕ) ਵਿਚ ਕੰਮ ਕਰਦਾ ਹੈ। "ਮਜ਼ਦੂਰ ਨੂੰ ਇਕ ਮੁਕਤ ਕਿਰਤ ਬਜ਼ਾਰ ਤੋਂ ਇਕ ਉਚਿਤ ਉਜਰਤ ਮਿਲਦੀ ਹੈ। ਹਾਂਲਾਕਿ ਪੂੰਜੀਵਾਦੀ ਆਪਣੇ ਉਤਪਾਦਨ ਦੀ ਲਾਗਤ (ਕਿਰਤ ਸਮੇਤ) ਤੋਂ ਵੱਧ ਲਾਗਤ 'ਤੇ ਤਿਆਰ ਉਤਪਾਦ ਵੇਚਦਾ ਹੈ। ਉਤਪਾਦਨ ਵਿਚ ਸ਼ਾਮਲ ਕਿਰਤ ਦੇ ਮੁੱਲ ਅਤੇ ਪੂੰਜੀਵਾਦੀ ਨੂੰ ਪ੍ਰਾਪਤ ਹੋਣ ਵਾਲ਼ੀ ਕੀਮਤ ਵਿਚ ਅੰਤਰ 'ਵਾਧੂ ਮੁੱਲ' (Surplus Value) ਹੈ।"[13] ਇਸ ਤਰ੍ਹਾਂ ਮਜ਼ਦੂਰ ਵਰਗ ਦਾ ਸ਼ੋਸਣ ਸਿਰਫ਼ 'ਵਾਧੂ ਮੁੱਲ' ਦੇ ਪੱਧਰ 'ਤੇ ਹੀ ਨਹੀਂ ਕੀਤਾ ਜਾਂਦਾ ਸਗੋਂ ਉਸ ਦੀ ਕਿਰਤ ਦੀ ਵੰਡ ਕਰ ਉਸ ਦੀ ਸਵੈ-ਸਿਰਜਣਾ ਦੀ ਸੰਭਾਵਨਾ ਤੇ ਸੁਤੰਤਰ ਕਿਰਤ ਦੀ ਸੰਭਾਵਨਾ ਨੂੰ ਵੀ ਖ਼ਤਮ ਕਰ ਦਿੱਤਾ ਜਾਂਦਾ ਹੈ। ਫੈਕਟਰੀਆਂ ਤੇ ਕਾਰਖਾਨਿਆਂ ਵਿਚ ਤਿਆਰ ਹੁੰਦੀਆਂ ਵਸਤਾਂ ਵਿਚੋਂ 'ਕਿਰਤ ਦੀ ਵੰਡ' ਦਾ ਵਿਚਾਰ ਉੱਭਰਦਾ ਹੈ। "ਪੂੰਜੀਵਾਦ ਵਿਚ ਕਿਰਤ ਦੀ ਵੰਡ ਦਾ ਅਰਥ ਹੈ ਕਿ ਕਿਰਤ ਇਕ ਸੰਪੂਰਨ ਉਤਪਾਦਕ ਗਤੀਵਿਧੀ ਨਹੀਂ ਹੋ ਸਕਦੀ, ਕਿਉਂਕਿ ਮਜ਼ਦੂਰ ਦਾ ਇਸ ਗੱਲ 'ਤੇ ਕੋਈ ਨਿਯੰਤਰਣ ਨਹੀਂ ਹੁੰਦਾ ਕਿ ਉਹ ਕੀ ਪੈਦਾ ਕਰਦੇ ਹਨ ਜਾਂ ਉਸ ਉਤਪਾਦ ਨਾਲ਼ ਕੀ ਹੁੰਦਾ ਹੈ। ਇਸ ਤੋਂ ਇਲਾਵਾ, ਉਤਪਾਦਨ ਪ੍ਰਕਿਰਿਆ ਦੇ ਵਿਖੰਡਨ ਦਾ ਅਰਥ ਹੈ ਕਿ ਮਜ਼ਦੂਰ ਕਦੇ ਵੀ ਪੂਰਾ

ਉਤਪਾਦ ਪੈਦਾ ਨਹੀਂ ਕਰਦਾ, ਜਾਂ ਉਸ ਉਤਪਾਦਨ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਨਹੀਂ ਸਮਝਦਾ ਜਿਸ ਵਿਚ ਉਹ ਕੰਮ ਕਰਦਾ ਹੈ।"[14] ਕਿਰਤ ਦੀਆਂ ਅਜਿਹੀਆਂ ਸਥਿਤੀਆਂ ਵਿਚ ਮਜ਼ਦੂਰ ਵਰਗ ਆਪਣੇ ਆਪ ਨੂੰ ਇਕ ਵਸਤ ਵਜੋਂ ਸਮਝਦਾ ਹੈ ਜਿਸ ਵਿਚੋਂ ਅਲਗਾਵ (Alienation) ਦੀ ਧਾਰਨਾ ਦਾ ਵਿਕਾਸ ਹੁੰਦਾ ਹੈ ਤੇ ਉਹ ਆਪਣੇ ਆਪੇ ਤੇ ਆਪਣੇ ਸਮਾਜ ਨਾਲੋਂ ਟੁੱਟਿਆ ਮਹਿਸੂਸ ਕਰਦਾ ਹੈ। ਜਦੋਂ ਅਲਗਾਵ ਦੀ ਇਹ ਸਥਿਤੀ ਕਿਰਤ ਤੋਂ ਅਲਗਾਵ ਦੀ ਸਥਿਤੀ ਤੱਕ ਪਹੁੰਚਦੀ ਹੈ ਤਾਂ ਇਸ ਵਿਚ ਕ੍ਰਾਂਤੀਕਾਰੀ ਪਰਿਵਰਤਨ ਦੀਆਂ ਸੰਭਾਵਨਾਵਾਂ ਉਜਾਗਰ ਹੁੰਦੀਆਂ ਹਨ ਜੋ ਵਰਗ ਸੰਘਰਸ਼ ਨੂੰ ਪ੍ਰੇਰਿਤ ਕਰਦੀਆਂ ਹਨ। ਵਰਗ ਸੰਘਰਸ਼ ਸਮਾਜਕ ਕ੍ਰਾਂਤੀ ਨੂੰ ਪ੍ਰੇਰਿਤ ਕਰਦੇ ਹਨ ਇਸੇ ਲਈ ਮਾਰਕਸ ਨੇ ਕਮਿਊਨਿਸ਼ਟ ਮੈਨੀਫੈਸਟੋਂ ਵਿਚ ਕਿਹਾ ਹੈ "ਦੁਨੀਆ ਭਰ ਦੇ ਮਜ਼ਦੂਰੋ ਇਕ ਹੋ ਜਾਉ।"

ਵਿਚਾਰਧਾਰਾ ਦੇ ਸੰਕਲਪ ਤੇ ਚਰਚਾ ਕਰਦੇ ਹੋਏ ਮਾਰਕਸ ਵਿਚਾਰਧਾਰਾ ਨੂੰ ਚੇਤਨਾ ਮੰਨਦਾ ਹੋਇਆ ਕਹਿੰਦਾ ਹੈ ਕਿ "ਚੇਤਨਾ ਕਦੇ ਵੀ ਚੇਤੰਨ ਹੋਂਦ ਤੋਂ ਇਲਾਵਾ ਕੁਝ ਹੋਰ ਨਹੀਂ ਹੋ ਸਕਦੀ ਅਤੇ ਮਨੁੱਖ ਦੀ ਹੋਂਦ ਉਨ੍ਹਾਂ ਦੀ ਅਸਲ ਜੀਵਨ ਪ੍ਰਕਿਰਿਆ ਹੈ।...ਜੀਵਨ ਚੇਤਨਾ ਦੁਆਰਾ ਨਹੀਂ ਬਲਕਿ ਚੇਤਨਾ ਜੀਵਨ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ।"[15] ਮਾਰਕਸ ਅਨੁਸਾਰ ਵਿਚਾਰਾਂ ਦਾ ਉਤਪਾਦਨ ਸਿੱਧੇ ਤੌਰ 'ਤੇ ਮਨੁੱਖ ਦੇ ਭੌਤਿਕ ਉਤਪਾਦਨ ਤੇ ਭੌਤਿਕ ਸੰਸਾਰ ਨਾਲ਼ ਉਸ ਦੇ ਪਰਸਪਰ ਸੰਬੰਧਾਂ 'ਤੇ ਅਧਾਰਤ ਹੁੰਦਾ ਹੈ। ਇਸ ਲਈ ਉਹ ਵਿਚਾਰਧਾਰਾ ਨੂੰ ਸੱਤਾਧਾਰੀ ਨਿਜ਼ਾਮ ਦੇ ਕਾਰਜਾਂ 'ਤੇ ਪਰਦਾ ਪਾਉਣ ਦੇ ਆਦਰਸ਼ਵਾਦੀ ਕਾਰਜਾਂ ਕਾਰਨ ਨਕਾਰਦਾ ਹੋਇਆ ਇਸ ਨੂੰ ਮਨੁੱਖ ਦੀ ਅਸਲ ਜੀਵਨ ਪ੍ਰਕਿਰਿਆ ਭੌਤਿਕ ਅਭਿਆਸ (Material Practice) ਵਜੋਂ ਸਮਝਣ 'ਤੇ ਜੋਰ ਦਿੰਦਾ ਹੈ। ਮਾਰਕਸ ਤੇ ਏਂਗਲਜ਼ ਨੇ ਵਿਚਾਰਧਾਰਾ ਦੇ ਸੱਤਾਧਾਰੀ ਧਿਰ ਦਾ ਪੱਖ ਪੂਰਨ ਕਾਰਨ ਇਸ ਨੂੰ 'ਝੂਠੀ ਚੇਤਨਾ' ਕਿਹਾ ਹੈ। ਉਹਨਾਂ ਅਨੁਸਾਰ "ਹਰੇਕ ਵਿਚਾਰਧਾਰਾ ਵਿਚ ਆਦਮੀ ਅਤੇ ਉਹਨਾਂ ਦੇ ਹਾਲਾਤ ਉਲਟੇ ਲੱਗਦੇ ਹਨ, ਜਿਵੇਂ ਕੈਮਰੇ ਦੇ ਪਿੰਨਹੋਲ ਵਿਚ ਤਸਵੀਰ। ਇਸ ਉਦਾਹਰਣ ਤੋਂ ਉਹਨਾਂ ਦਾ ਅਰਥ ਸੀ ਕਿ ਵਿਚਾਰਧਾਰਾ ਵੀ ਇਸ ਪਦਾਰਥਵਾਦੀ ਦੁਨੀਆ ਦੇ ਉਲਟੇ ਬਿੰਬ ਦੀ ਤਰ੍ਹਾਂ ਹੈ। ਜਿਸ ਦਾ ਬਿੰਬ ਇਸ ਕਰਕੇ ਹੋਰ ਵੀ ਖਰਾਬ ਹੋ ਜਾਂਦਾ ਹੈ ਕਿਉਂਕਿ ਪਦਾਰਥਕ ਸੰਸਾਰ ਪੂੰਜੀਵਾਦ ਦੇ ਅਧੀਨ ਸਮਾਜਿਕ ਰਿਸ਼ਤਿਆਂ ਨੂੰ ਅਮਾਨਵੀ ਬਣਾਉਂਦਾ ਹੈ।"[16] ਮਾਰਕਸ ਦੁਆਰਾ ਵਿਚਾਰਧਾਰਾ ਨੂੰ ਚੇਤਨਾ ਦੇ 'ਝੂਠੇ' ਰੂਪ ਨਾਲ਼ ਤੁਲਨਾ ਕਰਨ ਦੇ ਪਿੱਛੇ ਉਸ ਦਾ ਮੰਨਣਾ ਸੀ ਕਿ ਵਿਚਾਰਧਾਰਾ ਰਾਹੀਂ ਪੂੰਜੀਵਾਦੀ ਸਮਾਜ ਵਿਚ

ਸਮਾਜਿਕ ਆਰਥਿਕ ਬਣਤਰ ਦੀ ਸਹੀ ਤਸਵੀਰ ਸਾਹਮਣੇ ਨਹੀਂ ਆਉਂਦੀ। ਵਿਚਾਰਧਾਰਾ ਅਜਿਹੀ ਚੇਤਨਾ ਪੈਦਾ ਕਰਦੀ ਹੈ ਜੋ ਮਜ਼ਦੂਰ ਵਰਗ ਦੀ ਤ੍ਰਾਸਦਿਕ ਹਾਲਤ ਦਾ ਅਸਲ ਬਿਆਨ ਕਰਨ ਦੀ ਬਜਾਏ ਪੂੰਜੀਪਤੀ ਵਰਗ ਦੇ ਹਿੱਤਾਂ ਦੀ ਨੁਮਾਇਸ਼ ਵਧੇਰੇ ਕਰਦੀ ਹੈ। ਅਜਿਹੀ ਚੇਤਨਾ ਜੋ ਸਮਾਜ ਦੇ ਅਸਲ ਚਰਿੱਤਰ ਤੋਂ ਪਰਦਾ ਚੁੱਕਣ ਵਿਚ ਅਸਮਰਥ ਹੈ। ਮਾਰਕਸ ਅਨੁਸਾਰ ਵਿਚਾਰਧਾਰਾ ਅਜਿਹੀ ਚੇਤਨਾ ਹੈ ਜੋ ਸਥਿਤੀਆਂ ਦੇ ਬਦਲਣ ਤੇ ਬਦਲੀ ਜਾ ਸਕਦੀ ਹੈ। ਉਸ ਅਨੁਸਾਰ ਜੇਕਰ ਸਮਾਜ ਵਿਚ ਸ਼ਕਤੀਆਂ ਅਤੇ ਸਾਧਨਾਂ ਦੀ ਵੰਡ ਬਰਾਬਰ ਰੂਪ ਵਿਚ ਹੋਵੇ ਤਾਂ ਵਿਚਾਰਧਾਰਾ ਦਾ ਸਰੂਪ ਮੌਜੂਦਾ ਸਮੇਂ ਦੀ ਵਿਚਾਰਧਾਰਾ ਦੇ ਸਰੂਪ ਤੋਂ ਭਿੰਨ ਹੋਵੇਗਾ। ਮਜ਼ਦੂਰ ਜਮਾਤ ਦੇ ਹਿੱਤਾਂ ਅਤੇ ਉਨ੍ਹਾਂ ਦਾ ਬਣਦਾ ਅਧਿਕਾਰ ਮਿਲਣ 'ਤੇ ਪੂੰਜੀਪਤੀ ਵਰਗ ਦੀ ਨੁਮਾਇੰਦਗੀ ਕਰਦੀ ਵਿਚਾਰਧਾਰਾ ਨੂੰ ਬਰਾਬਰੀ ਦੇ ਸਮਾਜ ਦੀ ਵਿਚਾਰਧਾਰਾ ਵਿਚ ਬਦਲਣਾ ਪਵੇਗਾ। ਮਾਰਕਸ ਅਨੁਸਾਰ ਵਿਚਾਰਧਾਰਾ ਦਾ ਸਰੂਪ ਸਮਾਜ ਦੀ ਬਣਤਰ ਵਿਚ ਆਈ ਤਬਦੀਲੀ ਦੇ ਆਧਾਰ 'ਤੇ ਆਪਣਾ ਰੂਪ ਬਦਲਦਾ ਰਹਿੰਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. David Mclellan, Ideology, p. 10.
"In both these areas, two cognate processes were at work: first there was a movement from ideas to material reality instead of the other way round; and second, this inverted process not unnaturally obscured the real nature of things. Religion failed to realize that 'man makes religion, religion does not make man.' The idea of God, Marx claimed, following Feuerbach, is nothing but a projection of human aspirations. As long as God was conceived of as the creator of the world on whose designs- to be control of their own destiny, to be self producing-would be frustrated."

2. Ibid, p. 10.
"The mistaken conception of religion and politics that he criticized were not mere errors: these inverted conceptions had their basis in a real social world that was so misconstructed as to generate these compensatory illusions."

3. Rupert Woodfin & Oscar Zarate, Marxism, p.29.
"My own dialectic method is not only different from Hegelian, but is its direct opposite. For Hegel …the thinking process is the demiurge (creator) of the real world, and the real world is only the outward manifestation of 'the idea'. With me, on the other hand, the idea is

nothing else then the material world reflected by the human mind and translated into terms of thought."

4. Ibid, p.24.

"Society changes in the same way. Slowly for the most part, but with sudden transformations."

5. Ibid, p.25.

"The property owning class is in opposition to the working class, but neither can exist without the other. The property owners need the workers to operate their machinery. The workers need the property owners to give them jobs."

6. Ibid, p.26.

"Any thesis contains within itself problems and difficulties (contradictions) which will bring about its downfall. This downfall is actually achieved by the Antithesis which reveals the contradictions. Thus it negates the Thesis. But the antithesis itself contains its own contradictions which are exposed by synthesis. Thus the negation is itself negated. Marxists identify this process operating in history. The feudal system contained structural elements that inevitably led to its downfall."

7. Ibid, p.27.

"In each negation, the contradictions are abandoned but the good things retained. Socialism will abandon the exploitation of capitalism but will retain the advanced technology. In this way the process of the negation of the negation is progressive and optimistic."

8. Cultural Theory: The Key Thinkers, Andrew Edgar and Peter Sedgwick, p. 153.

"As a materialist, Marx argues that human consciousness is ultimately a product of matter, which is to say, of the human engagement with the material world through labour. The very fact that humans are conscious, as well as the particular from which that consciousness takes, is a result of the state of economic production in a given society. Human history is therefore to be understood primarily in terms of changes in the economy."

9. ਖੋਜ ਪੱਤ੍ਰਿਕਾ, ਮਾਰਚ 1988, ਅੰਕ 31, ਪੰਨਾ 136, ਮਾਰਕਸਵਾਦ, ਸੁਰਜੀਤ ਸਿੰਘ ਭੱਟੀ.

10. Karl Korsch, Karl Marx, p.

"At a certain stage of their development the material productive forces of society come into contradiction with the existing production relations,…..then a period of social revolution sets in. With the change

in the economic foundation, the whole of the vast superstructure is more or less rapidly overturned."

11. Rupert Woodfin & Oscar Zarate, Marxism, p.37.

"Some people were able to gain control over the forces of production entirely- The fields, the animals, the equipment and so on- and were able to use the labour of the rest without doing any work themselves."

12. Ibid, p. 38.

"The system collapsed under the weight of its own contradictions and was replaced with feudalism."

13. Cultural Theory: The Key Thinkers, Andrew Edgar and Peter Sedgwick, p. 154.

"The labourer receives what appears to be a fair wage from a free labour market. However, the capitalist sells the finished product for more then the cost (including labour) of its production. The discrepancy between the value of the labour that is incorporated in the product, and the price that the capitalist received is 'Surplus Value'."

14. Ibid, p. 154.

"The division of labour in capitalism entailed that labour cannot be a fulfilling productive activity, for the labourer has no control over what they produce or what happens to that product. In addition, the fragmentation of the production process entails that the labourer never produces a complete product or fully understand the production process in which they are employed."

15. Karl Marx, The German Ideology, p.14.

"Consciousness can never be anything else than conscious exitence, and the existence of men is their actual life process….Life is not determined by consciousness but consciousness by life."

16. Michael Freeden, Ideology: A Very Short Introduction, p. 5.

"They maintained that 'in all ideology men and their circumstances appear upside-down as in Camera-Obscura.by that analogy they meant that ideology was an inverted mirror –image of the material world, further distorted by the fact that the material world was itself subject to dehumanizing social relations under capitalism."